ਮਾਡਲ ਟੈਸਟ ਪੇਪਰ

2024-25

ਵਿਸ਼ਾ ਹੋਮ ਸਾਇੰਸ

ਜਮਾਤ ਅੱਠਵੀਂ

ਸਮਾਂ 3 ਘੰਟੇ ਕੁੱਲ ਅੰਕ-40

ਭਾਗ-1

ਵਸਤੂਨਿਸ਼ਠ ਪ੍ਰਸ਼ਨ

ਖਾਲੀ ਥਾਵਾਂ ਭਰੋ

1. ਕਾਰਬੋਹਾਈਡ੍ਰੇਟਸ ਸਾਨੂੰ __________ ਵਾਲੀਆਂ ਚੀਜ਼ਾਂ ਤੋਂ ਮਿਲਦਾ ਹੈ।
2. ਉੱਲੀ __________ਵਾਲੇ ਪਦਾਰਥਾਂ ਨੂੰ ਲੱਗਦੀ ਹੈ।
3. ਖਾਣਾ ਖਾਣ ਦੇ __________ਤਰੀਕੇ ਹਨ।
4. ਚੂਹੇ ਨਾਲ __________ਦੀ ਬਿਮਾਰੀ ਫੈਲਦੀ ਹੈ।
5. ਗਰਮੀ ਵਿੱਚ ਧੁੱਪ ਤੋਂ ਬਚਣ ਲਈ __________ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਕੇਵਲ ਇੱਕ ਲਾਈਨ ਵਿੱਚ ਉੱਤਰ ਦਿਉ

6. ਮੁੱਢਲੀ ਸਹਾਇਤਾ ਤੋਂ ਤੁਸੀਂ ਕੀ ਸਮਝਦੇ ਹੋ?
7. ਮਲੇਰੀਆ ਕਿਸ ਮੱਛਰ ਦੇ ਕੱਟਣ ਨਾਲ ਹੁੰਦਾ ਹੈ?
8. ਕਾਰਜਾਤਮਕ ਫਰਨੀਚਰ ਕੀ ਹੁੰਦਾ ਹੈ?
9. ਪਲੇਟਾਂ ਦੀ ਥਾਂ ਖਾਣਾ ਖਾਣ ਲਈ ਕੇਲੇ ਦੇ ਪੱਤੇ ਕਿੱਥੇ ਵਰਤੇ ਜਾਂਦੇ ਹਨ?

ਸਹੀ ਜਾਂ ਗਲਤ

10.ਬੈਕਟੀਰੀਆ ਭੋਜਨ ਨੂੰ ਮਿੱਠਾ ਕਰ ਦਿੰਦੇ ਹਨ। ()

11.ਕੱਪੜੇ ਦਿਖਾਵੇ ਵਾਸਤੇ ਪਾਏ ਜਾਂਦੇ ਹਨ। ()

12.ਦੁੱਧ ਨੂੰ ਉਬਾਲਣਾ ਨਹੀਂ ਚਾਹੀਦਾ। () 12×1=12

ਭਾਗ-II

ਛੋਟੇ ਉੱਤਰਾਂ ਵਾਲੇ ਪ੍ਰਸ਼ਨ

13.ਫਰਿੱਜ ਦੀ ਕੀ ਲੋੜ ਹੈ?

ਜਾਂ

ਚੰਗੇ ਸ਼ਿਸਟਾਚਾਰ ਤੋਂ ਕੀ ਭਾਵ ਹੈ?

14.ਪੈਰਾਂ ਦੇ ਬੂਟ ਨਾਪ ਦੇ ਕਿਉਂ ਹੋਣੇ ਚਾਹੀਦੇ ਹਨ?

ਜਾਂ

ਬੈਠਣ ਵਾਲੇ ਕਮਰੇ ਵਿੱਚ ਕਿਹੜਾ ਫਰਨੀਚਰ ਜ਼ਰੂਰੀ ਹੈ?

15.ਕਿਤਾਬਾਂ ਦੇ ਕੀੜੇ ਦੇ ਕੀ ਨੁਕਸਾਨ ਹਨ?

ਜਾਂ

ਕੱਪੜੇ ਧੋਣ ਤੋਂ ਪਹਿਲਾਂ ਉਹਨਾਂ ਦੀ ਮੁਰੰਮਤ ਕਰਨੀ ਕਿਉਂ ਜ਼ਰੂਰੀ ਹੈ?

16.ਡਾਕਟਰ ਦੇ ਆਉਣ ਤੋਂ ਪਹਿਲਾਂ ਦਾਹ ਤੇ ਕੀ ਲਾਉਗੇ?

17.ਗਰਮ ਪਾਣੀ ਦਾ ਇਸਤੇਮਾਲ ਕਿੰਨ੍ਹਾਂ ਕੱਪੜਿਆਂ ਲਈ ਕੀਤਾ ਜਾਂਦਾ ਹੈ।

ਜਾਂ

ਟੈਲਕਮ ਪਾਊਡਰ ਦੇ ਕੀ ਲਾਭ ਹਨ?

18. ਮੀਨਾਕਾਰੀ ਵਾਲੇ ਫਰਨੀਚਰ ਦਾ ਕੀ ਲਾਭ ਅਤੇ ਨੁਕਸਾਨ ਹਨ? $6 \times 3 = 18$

ਭਾਗ-III

ਨਿਬੰਧਾਤਮਕ ਪ੍ਰਸ਼ਨ

19.ਸਾਬਣ ਦਾ ਨਿੱਜੀ ਸਫਾਈ ਵਿੱਚ ਕੀ ਮੱਹਤਵ ਹੈ?

ਜਾਂ

ਭੋਜਨ ਖਰਾਬ ਹੋਣ ਦੇ ਕੀ ਕਾਰਨ ਹਨ?

20.ਖਾਣਾ ਪਰੋਸਣ ਸਮੇਂ ਕਿੰਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ?

ਜਾਂ

ਜੂੰਆਂ ਕਿੱਥੇ ਅਤੇ ਕਿਉਂ ਪੈ ਜਾਂਦੀਆਂ ਹਨ? $2 \times 5 = 10$